# ਆਪਣੇ ਕਿਰਾਏ ਨੂੰ ਵਧੇਰੇ ਕਿਫ਼ਾਇਤੀ ਬਣਾਓ



Shelter Aid for Elderly Renters

## ਵਡੇਰੀ ਉਮਰ ਵਾਲੇ ਕਿਰਾਏਦਾਰਾਂ ਲਈ ਸ਼ੈਲਟਰ ਸਹਾਇਤਾ (SAFER – ਸੇਫ਼ਰ)

ਵਡੇਰੀ ਉਮਰ ਵਾਲੇ ਕਿਰਾਏਦਾਰਾਂ ਲਈ ਸ਼ੈਲਟਰ ਸਹਾਇਤਾ ਘੱਟ ਆਮਦਨ ਵਾਲੇ ਯੋਗ ਬਜ਼ੁਰਗਾਂ ਨੂੰ ਉਨ੍ਹਾਂ ਦੀਆਂ ਮਹੀਨਾਵਾਰ ਕਿਰਾਏ ਦੀਆਂ ਪੇਮੈਂਟਾਂ ਲਈ ਮਹੀਨਾਵਾਰ ਮਦਦ ਪ੍ਰਦਾਨ ਕਰਦਾ ਹੈ।



## ਕੀ ਤੁਸੀਂ ਮਦਦ ਹਾਸਲ ਕਰਨ ਦੇ ਯੋਗ ਹੋ?

ਜੇ ਤੁਸੀਂ ਹੇਠ ਲਿਖੀਆਂ **ਸਭ** ਸ਼ਰਤਾਂ ਪੂਰੀਆਂ ਕਰਦੇ ਹੋ ਤਾਂ ਤੁਸੀਂ ਰੈਂਟਲ ਅਸਿਸਟੈਂਸ ਪ੍ਰੋਗਰਾਮ ਵਾਸਤੇ **ਯੋਗ ਹੋ ਸਕਦੇ ਹੋ**:

- ਤੁਹਾਡੀ ਉਮਰ 60 ਸਾਲ ਜਾਂ ਇਸ ਤੋਂ ਜ਼ਿਆਦਾ ਹੈ।
- ਤੁਸੀਂ ਅਰਜ਼ੀ ਦੀ ਮਿਤੀ ਤੋਂ ਤੁਰੰਤ ਪਹਿਲਾਂ ਪੂਰੇ 12 ਮਹੀਨਿਆਂ ਤੋਂ ਬ੍ਰਿਟਿਸ਼ ਕੋਲੰਬੀਆ ਵਿੱਚ ਰਹੇ ਹੋ।
- ਤੁਸੀਂ ਅਤੇ ਤੁਹਾਡਾ/ਤੁਹਾਡੀ ਜੀਵਨ ਸਾਥੀ/ਸਾਥਣ (ਜਿਸ ਨਾਲ ਤੁਸੀਂ ਰਹਿੰਦੇ ਹੋ) ਨਾਗਰਿਕਤਾ ਸੰਬੰਧੀ ਸ਼ਰਤਾਂ ਪੂਰੀਆਂ ਕਰਦੇ ਹੋ:
  - ਅਰਜ਼ੀ ਕਰਨ ਸਮੇਂ ਬਿਨੈਕਾਰ ਲਾਜ਼ਮੀ ਤੌਰ 'ਤੇ ਬ੍ਰਿਟਿਸ਼ ਕੋਲੰਬੀਆ ਦਾ ਪੱਕਾ ਵਸਨੀਕ ਹੋਣਾ ਚਾਹੀਦਾ ਹੈ, ਅਤੇ ਘਰ ਦਾ ਹਰ ਮੈਂਬਰ ਹੇਠ ਲਿਖੀਆਂ ਵਿੱਚੋਂ ਘੱਟੋ-ਘੱਟ ਇੱਕ ਸ਼ਰਤ ਪੂਰੀ ਕਰਦਾ ਹੋਣਾ ਚਾਹੀਦਾ ਹੈ:
    - ਕੈਨੇਡੀਅਨ ਨਾਗਰਿਕ ਸਪਾਂਸਰਸ਼ਿਪ ਅਧੀਨ ਨਹੀਂ
    - ਕਾਨੂੰਨੀ ਤੌਰ 'ਤੇ ਪੱਕੇ ਵਸਨੀਕ ਵਜੋਂ ਕੈਨੇਡਾ ਵਿੱਚ ਦਾਖ਼ਲ ਹੋਏ ਵਿਅਕਤੀ ਅਤੇ ਸਪਾਂਸਰਸ਼ਿਪ ਅਧੀਨ ਨਹੀਂ
    - ਉਹ ਵਿਅਕਤੀ ਜਿੰਨ੍ਹਾਂ ਨੇ ਰਿਫ਼ਊਜੀ ਵਜੋਂ ਅਰਜ਼ੀ ਦਿੱਤੀ ਹੈ
    - ਉਹ ਵਿਅਕਤੀ ਜਿੰਨ੍ਹਾਂ ਦੀ ਨਿੱਜੀ ਸਪਾਂਸਰਸ਼ਿਪ ਵਾਪਸ ਲੈ ਲਈ ਗਈ ਹੈ
- ਤੁਸੀਂ ਆਪਣੀ ਕੁੱਲ ਮਹੀਨਾਵਾਰ ਘਰੇਲੂ ਆਮਦਨ (ਟੈਕਸ ਕੱਟਣ ਤੋਂ ਪਹਿਲਾਂ ਵਾਲੀ ਆਮਦਨ) ਦਾ 30 ਪ੍ਰਤੀਸ਼ਤ ਤੋਂ ਵੱਧ ਹਿੱਸਾ ਆਪਣੇ ਘਰ ਦੇ ਕਿਰਾਏ ਲਈ ਅਦਾ ਕਰਦੇ ਹੋ ਜਾਂ ਆਪਣੀ ਮਲਕੀਅਤ ਜਾਂ ਕਬਜ਼ੇ ਵਾਲੇ ਨਿਰਮਿਤ ਘਰ (ਟਰੇਲਰ) ਵਾਸਤੇ ਜ਼ਮੀਨ ਦਾ ਕਿਰਾਇਆ (ਪੈਡ ਰੈਂਟਲ) ਦੇਣ ਲਈ ਇਸਤੇਮਾਲ ਕਰਦੇ ਹੋ।

ਇੱਕ ਵਾਰ ਜਦੋਂ ਤੁਸੀਂ ਆਪਣੀ ਯੋਗਤਾ ਦੀ ਪੁਸ਼ਟੀ ਕਰ ਲਓ ਤਾਂ ਅਰਜ਼ੀ ਵਾਲਾ ਫਾਰਮ ਭਰਨਾ ਅਗਲਾ ਕਦਮ ਹੁੰਦਾ ਹੈ।

# ਆਪਣੇ ਕਿਰਾਏ ਨੂੰ ਵਧੇਰੇ ਕਿਫ਼ਾਇਤੀ ਬਣਾਓ

## ਇੱਕ ਐਪਲੀਕੇਸ਼ਨ ਫਾਰਮ ਲਓ ਅਤੇ ਉਸ ਨੂੰ ਭਰੋ

ਜੇ ਤੁਸੀਂ ਰੈਂਟਲ ਅਸਿਸਟੈਂਸ ਵਾਸਤੇ ਯੋਗ ਹੋ ਤਾਂ ਤੁਸੀਂ ਦੋ ਤਰੀਕਿਆਂ ਨਾਲ ਅਰਜ਼ੀ ਫਾਰਮ ਪ੍ਰਾਪਤ ਕਰ ਸਕਦੇ ਹੋ:

1. **ਫਾਰਮ ਆਨਲਾਈਨ ਡਾਊਨਲੋਡ ਕਰੋ:** ਅਰਜ਼ੀ ਵਾਲਾ ਫਾਰਮ www.bchousing.org/safer ਤੋਂ ਲਓ।
2. **ਡਾਕ ਰਾਹੀਂ:** ਅਰਜ਼ੀ ਵਾਲੇ ਫਾਰਮ ਦੀ ਕਾਗਜ਼ੀ ਕਾਪੀ ਮੰਗਵਾਉਣ ਲਈ 604-433-2218 ਜਾਂ 1-800-257-7756 ’ਤੇ ਫੋਨ ਕਰੋ।

## ਨਾਲ ਲੱਗਣ ਵਾਲੇ ਦਸਤਾਵੇਜ਼

ਵਡੇਰੀ ਉਮਰ ਵਾਲੇ ਕਿਰਾਏਦਾਰਾਂ ਲਈ ਸ਼ੈਲਟਰ ਸਹਾਇਤਾ (SAFER) ਪ੍ਰੋਗਰਾਮ ਵਾਸਤੇ ਅਰਜ਼ੀ ਦੇਣ ਸਮੇਂ ਅਰਜ਼ੀ ਦੇ ਹੇਠਲੇ ਹਿੱਸਿਆਂ ਦੇ ਨਾਲ ਪੁਸ਼ਟੀ ਕਰਨ ਵਾਲੇ ਦਸਤਾਵੇਜ਼ਾਂ ਦੀ ਲੋੜ ਪਏਗੀ:

- ਆਮਦਨ ਦਾ ਸਬੂਤ (ਇਨਕਮ ਟੈਕਸ)
- ਉਮਰ ਦਾ ਸਬੂਤ
- ਕਿਰਾਏ ਦਾ ਸਬੂਤ
- ਬੈਂਕ ਜਾਣਕਾਰੀ (ਪੈਸੇ ਸਿੱਧੇ ਖਾਤੇ ਵਿੱਚ ਜਮ੍ਹਾਂ ਕਰਵਾਉਣ ਲਈ)

ਲੋੜੀਂਦੇ ਦਸਤਾਵੇਜ਼ਾਂ ਬਾਰੇ ਵਧੇਰੇ ਜਾਣਕਾਰੀ ਲਈ ਅਰਜ਼ੀ ਚੈੱਕਲਿਸਟ ਦੇਖਣ ਵਾਸਤੇ www.bchousing.org/safer ’ਤੇ ਜਾਓ। ਇਕੱਤਰ ਕੀਤੀ ਸਾਰੀ ਜਾਣਕਾਰੀ ਯੋਗਤਾ ਨਿਰਧਾਰਤ ਕਰਨ ਦੇ ਉਦੇਸ਼ ਲਈ ਹੈ ਅਤੇ ਇਸ ਨੂੰ ਪਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ।

## ਆਪਣੀ ਅਰਜ਼ੀ ਜਮ੍ਹਾਂ ਕਰਵਾਓ

ਤੁਸੀਂ ਹੇਠ ਲਿਖੇ ਤਰੀਕਿਆਂ ਨਾਲ ਆਪਣੀ ਅਰਜ਼ੀ ਜਮ੍ਹਾਂ ਕਰਾ ਸਕਦੇ ਹੋ:

- **ਅੱਪਲੋਡ:** ਤੁਸੀਂ ਆਪਣੀ ਐਪਲੀਕੇਸ਼ਨ ਨੂੰ ਸਕੈਨ ਕਰ ਸਕਦੇ ਹੋ ਅਤੇ www.bchousing.org/puf ’ਤੇ ਸਾਡੇ ਪ੍ਰੋਗਰਾਮ ਅੱਪਲੋਡ ਫਾਰਮ ਦੀ ਵਰਤੋਂ ਕਰ ਕੇ ਅਰਜ਼ੀ ਨੂੰ ਅੱਪਲੋਡ ਕਰ ਸਕਦੇ ਹੋ।
- **ਆਪ ਜਾ ਕੇ:** ਮੁਕੰਮਲ ਕੀਤੀਆਂ ਅਰਜ਼ੀਆਂ ਨੂੰ ਬੀ.ਸੀ. ਹਾਊਸਿੰਗ ਦਫ਼ਤਰ ਦੇ ਡਾਕ ਵਾਲੇ ਖਾਨੇ ਵਿੱਚ ਪਾ ਦਿਓ।<br>ਨੋਟ: ਕੋਵਿਡ-19 ਕਾਰਣ ਬੀ.ਸੀ. ਹਾਊਸਿੰਗ ਦੇ ਦਫ਼ਤਰ ਵਾਕ-ਇਨ ਮੁਲਾਕਾਤੀਆਂ ਲਈ ਬੰਦ ਕੀਤੇ ਗਏ ਹਨ। ਕਿਰਪਾ ਕਰਕੇ ਸਾਡੀ ਵੈੱਬਸਾਈਟ 'ਤੇ ਜਾਓ ਜਾਂ ਦਫਤਰਾਂ ਦੇ ਮੁੜ ਖੁੱਲ੍ਹਣ ਬਾਰੇ ਪਤਾ ਕਰਨ ਲਈ ਕਾਲ ਕਰੋ।
- **ਫੈਕਸ ਰਾਹੀਂ:** ਭਰਿਆ ਹੋਇਆ ਅਰਜ਼ੀ ਫਾਰਮ ਅਤੇ ਨਾਲ ਲੱਗਣ ਵਾਲੇ ਕਾਗਜ਼ 604-439-4729 ’ਤੇ ਫੈਕਸ ਰਾਹੀਂ ਭੇਜੇ ਜਾ ਸਕਦੇ ਹਨ
- **ਡਾਕ ਰਾਹੀਂ:**

**Shelter Aid For Elderly Renters Program,**
BC Housing,
101-4555 Kingsway,
Burnaby, BC, V5H 4V8

ਕਿਰਪਾ ਕਰਕੇ **ਕੋਈ ਓਰਿਜਨਲ ਦਸਤਾਵੇਜ਼ ਸ਼ਾਮਲ ਨਾ ਕਰੋ**, ਕੇਵਲ ਕਾਪੀਆਂ ਹੀ ਭੇਜੋ।
ਜਦੋਂ ਤੁਹਾਡੀ ਅਰਜ਼ੀ 'ਤੇ ਕਾਰਵਾਈ ਹੋ ਜਾਵੇਗੀ ਤਾਂ ਤੁਹਾਨੂੰ ਡਾਕ ਰਾਹੀਂ ਸੂਚਿਤ ਕੀਤਾ ਜਾਵੇਗਾ।

## ਸਾਨੂੰ ਤਬਦੀਲੀਆਂ ਬਾਰੇ ਦੱਸਦੇ ਰਹੋ

ਜੇ ਤੁਹਾਡੀ ਆਮਦਨ, ਤੁਹਾਡੇ ਨਾਲ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਤਬਦੀਲੀ ਆਵੇ ਜਾਂ ਤੁਹਾਡੇ ਕਿਰਾਏ ਵਿੱਚ ਵਾਧਾ ਹੋ ਜਾਵੇ ਜਾਂ ਤੁਸੀਂ ਮੂਵ ਹੋ ਜਾਓ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ SAFER ਨੂੰ ਇਸ ਬਾਰੇ ਸੂਚਿਤ ਕਰੋ।

ਸਾਡੇ ਨਾਲ ਸੰਪਰਕ ਕਰਨ ਲਈ 604-433-2218 ਜਾਂ ਲੋਅਰ ਮੇਨਲੈਂਡ ਤੋਂ ਬਾਹਰ 1-800-257-7756 ’ਤੇ ਫੋਨ ਕਰੋ।

ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤਕ, ਸੋਮਵਾਰ ਤੋਂ ਸ਼ੁੱਕਰਵਾਰ (ਛੁੱਟੀਆਂ ਵਾਲੇ ਦਿਨਾਂ ਤੋਂ ਇਲਾਵਾ)



BC HOUSING

05/21